# ਰੇਡੀਓ ਲੜੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ

## ਕੜੀ-13, ਊਰਜਾ ਵਰਤੋਂ ਦੀ ਸਾਫ ਸੁਥਰੀ ਵਿਧੀ **(A Smart Way of Energy Consumption)**

ਖੋਜ ਤੇ ਲੇਖਣ: ਹੇਮੰਤ ਲਗਵਾਂਕਰ

ਪੰਜਾਬੀ ਰੁਪਾਂਤਰਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

(*This is the episode on the topic 'Enhancing Energy Efficiency'. The episode tries to focus on the problems faced by the common people in day to day life regarding energy crisis and talks about the remedial measures. Also, the episode depicts the efforts which are made at mass level to improve energy efficiency. More importantly, the episode gives information about the National Mission for Enhanced Energy Efficiency (NMEEE) and the efforts carried out by the Government organizations as well as NGOs throughout the country for the same. The episode emphasizes on how different forms of energy can be consumed in sustainable ways. It talks about the innovations and innovative practices.*)

(ਇਹ ਕੜੀ ਊਰਜਾ ਦੀ ਕੁਸ਼ਲਤਾ ਵਧਾਉਣ ਬਾਬਤ ਹੈ ।ਇਸ ਕੜੀ ਵਿੱਚ ਉਨ੍ਹਾਂ ਸਮੱਸਿਆਵਾਂ ਤੇ ਧਿਆਨ ਕੇਂਦ੍ਰਿਤ ਕਰਨ ਦੀ ਕੋਸ਼ਿਸ਼ ਹੈ ਜੋ ਊਰਜਾ ਸੰਕਟ ਕਾਰਨ ਰੋਜਾਨਾ ਜੀਵਣ ਵਿੱਚ ਲੋਕਾਂ ਨੂੰ ਦਰਪੇਸ਼ ਹੁੰਦੀਆਂ ਹਨ ਤੇ ਉਨ੍ਹਾਂ ਦੇ ਹੱਲ ਦੇ ਉਪਾਅ ਦੱਸੇ ਹਨ। ਇਸ ਵਿੱਚ ਉਹ ਕੋਸ਼ਿਸ਼ਾਂ ਤੇ ਵੀ ਧਿਆਨ ਦਵਾਇਆ ਹੈ ਜੋ ਸਮੂਹਿਕ ਪੱਧਰ ਤੇ ਊਰਜਾ ਦੀ ਕੁਸ਼ਲਤਾ ਵਧਾਉਣ ਲਈ ਕੀਤੀਆਂ ਜਾ ਰਹੀਆਂ ਹਨ ।ਇਸ ਤੋਂ ਵੀ ਮਹੱਤਵਪੂਰਨ ਗੱਲ ਹੈ ਕਿ ਇਸ ਕੜੀ ਵਿੱਚ ਊਰਜਾ ਦੀ ਕੁਸ਼ਲਤਾ ਵਧਾਊ ਰਾਸਟਰੀ ਮਿਸ਼ਨ ਬਾਬਤ ਅਤੇ ਦੇਸ਼ ਭਰ ਵਿੱਚ ਸਰਕਾਰ ਤੇ ਗੈਰ ਸਰਕਾਰੀ ਸੰਸਥਾਵਾਂ ਦਿਆਂ ਕੋਸ਼ਿਸ਼ਾਂ ਬਾਬਤ ਜਾਣਕਾਰੀ ਸਾਂਝੀ ਕੀਤੀ ਹੈ ।ਇਸ ਗੱਲ ਤੇ ਜੋਰ ਦਿੱਤਾ ਹੈ ਕਿ ਭਿੰਨ- ਭਿੰਨ ਪ੍ਰਕਾਰ ਦੀ ਊਰਜਾ ਦੀ ਖਪਤ ਦੇ ਟਿਕਾਊ ਤਰੀਕੇ ਕੀ ਹੋ ਸਕਦੇ ਹਨ ।ਇਸ ਵਿੱਚ ਨਵੀਂਆਂ ਕਾਢਾਂ ਤੇ ਨਵੇਂ ਅਮਲਾਂ ਬਾਬਤ ਵੀ ਚਰਚਾ ਹੈ ।)

### ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਬੰਟੀ: (13- 15 ਸਾਲ) ਸਕੂਲ ਵਿਚ ਪੜ੍ਹਣ ਵਾਲਾ ਵਿਦਿਆਰਥੀ ਕਲਾਕਾਰ

ਪਾਪਾ: (45- 50 ਸਾਲ) ਬੰਟੀ ਦਾ ਪਿਤਾ, ਮਨੀਸ਼

ਮੰਮੀ: (40- 45 ਸਾਲ) ਬੰਟੀ ਦੀ ਮਾਤਾ

ਸੋਨੀਆ: (30- 35 ਸਾਲ) ਸਮਾਜ ਸੇਵੀ ਕਾਰਕੁਨ

### ਸੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

**ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ......**

(ਸੰਗੀਤ...)

**ਐਲਾਨ**: ਇਹ ਆਲ ਇੰਡੀਆ ਰੇਡਿਓ ਹੈ।ਸਾਡੇ ਨਵੇਂ ਵਿਗਿਆਨ ਲੜੀਵਾਰ "**ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ**" ਦੀਆਂ ਬਾਰਾਂ ਕੜੀਆਂ ਰਾਹੀਂ ਅਸੀਂ ਮੋਜੂਦਾ ਵਿਕਾਸ ਮਾਡਲ ਤੇ ਉਪਭੋਗਤਾਵਾਦ ਜੀਵਣ ਸ਼ੈਲੀ ਕਾਰਨ ਦਰਪੇਸ਼ ਖਤਰਿਆਂ ਬਾਬਤ ਪੇਸ਼ਕਾਰੀਆਂ ਕਰ ਚੁੱਕੇ ਹਾਂ! ਅੱਜ ਅਸੀਂ ਇਸ ਕੜੀ ਵਿੱਚ ਅਸੀਂ ਆਪਣੇ ਸ੍ਰੋਤਿਆਂ ਦੇ ਰੂਬਰੂ ਹੋ ਰਹੇ ਹਾਂ "**ਟਿਕਾਊ ਵਿਕਾਸ**" ਦੇ ਇੱਕ ਵਿਸ਼ੇਸ਼ ਪਹਿਲੂ ਨੂੰ ਲੈ ਕੇ ਜਿਸ ਵਿੱਚ ਅਸੀਂ ਨਾਟਕ ਰਾਹੀਂ ਕਰਾਂਗੇ ਪੇਸ਼ਕਾਰੀ ਭਿੰਨ -ਭਿੰਨ ਪ੍ਰਕਾਰ ਦੇ ਉਪਾਵਾਂ ਦੀ ਜਿਨ੍ਹਾਂ ਰਾਹੀਂ ਅਸੀਂ ਊਰਜਾ ਕੁਸ਼ਲਤਾ ਵਧਾ ਸਕਦੇ ਹਾਂ ! ਇਸ ਕੜੀ ਵਿੱਚ ਤੁਸੀਂ ਊਰਜਾ ਕੁਸ਼ਲਤਾ ਵਧਾਉਣ ਵਾਸਤੇ ਰਾਸਟਰੀ ਮਿਸ਼ਨ ਬਾਬਤ ਵੀ ਪ੍ਰਾਪਤ ਕਰੋਗੇ ਜਾਣਕਾਰੀ !

**ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "**ਚਲਦੀ ਰਹੇ ਇਹ ਜਿੰਦਗੀ**" ਦੀ ਅੱਜ ਪੇਸ਼ ਕੀਤੀ ਜਾ ਰਹੀ ਇਸ ਤੇਰ੍ਹਵੀਂ ਕੜੀ ਵਿੱਚ ਸ੍ਰੋਤਿਆਂ ਦਾ ਨਿਘਾ ਸੁਆਗਤ ਹੈ । ਜੀ ਆਇਆਂ ਨੂੰ !

**ਮਰਦ ਸੂਤਰਧਾਰ:** ਪਿਛਲੀ ਕੜੀ ਵਿੱਚ ਅਸੀਂ ਸੁਣ ਲਈ ਹੈ ਕਹਾਣੀ ਊਰਜਾ ਸੁਰੱਖਿਅਣ ਦੀ । ਨਵਿਆਉਣਯੋਗ ਊਰਜਾ ਸ੍ਰੋਤਾਂ ਵੱਲ ਵੱਧਦੇ ਝੁਕਾ ਦੀ !

**ਔਰਤ ਸੂਤਰਧਾਰ:** ਸੁਣ ਚੁੱਕੇ ਹਾਂ ਕਹਾਣੀ ਇਸ ਜੀਵਣ ਨੂੰ ਬਚਾਉਣ ਲਈ ਪਥਰਾਹਟੀ ਬਾਲਣਾਂ ਦੀ ਥਾਂ ਅਮੁੱਕ ਊਰਜਾ ਸ੍ਰੋਤਾਂ ਤੋਂ ਊਰਜਾ ਪੂਰਤੀ ਦੀ ਲੋੜ ਦੀ ਅਤੇ ਇਸ ਦਿਸ਼ਾ ਵੱਲ ਵੱਧਦੇ ਕਦਮਾਂ ਦੀ !

**ਮਰਦ ਸੂਤਰਧਾਰ:** ਗੱਲ ਕੀਤੀ ਸੀ ਕਾਰਬਨ ਫੁਟਪ੍ਰਿੰਟਸ ( ਕਾਰਬਨੀ ਪੈੜਾਂ ) ਦੀ ਵੀ ! ਕਿਵੇਂ ਜਿਆਦਾ ਕਾਰਬਨ ਤੇ ਗ੍ਰੀਨ ਹਾਊਸ ਗੈਸਾਂ ਪੇਦਾ ਕਰਨ ਵਾਲੇ ਬਾਲਣ ਘੜ ਰਹੇ ਨੇ ਕਹਾਣੀ ਆਲਮੀ ਤਪਸ਼ ਦੀ !

**ਔਰਤ ਸੂਤਰਧਾਰ:** ਸੁਣਾ ਦਿੱਤਾ ਸੀ ਬ੍ਰਿਤਾਂਤ ਕਾਰਬਨ ਨਿਊਟਰਲ ਊਰਜਾ ਦਾ ਵੀ !

**ਮਰਦ ਸੂਤਰਧਾਰ:** ਕਾਰਬਨ ਕਰੈਡਿਟ ਦੀ ਗੱਲ ਕਰਕੇ ਕੋਲ੍ਹ ਦਿੱਤੀਆਂ ਸਨ ਘੁੰਡੀਆਂ ਕਿ ਕਿਵੇਂ ਅਮੀਰ ਦੇਸ ਸਾਡੇ ਕੋਲੋਂ ਕਾਰਬਨ ਕਰੈਡਿਟ ਖ੍ਰੀਦ ਕੇ ਆਪਣਾ ਬਚਾ ਕਰ ਲੈਂਦੇ ਹਨ ਤੇ ਕਰਦੇ ਹਨ ਪਰਿਆਵਰਣ ਨੂੰ ਵੀ ਮਲੀਨ !

**ਔਰਤ ਸੂਤਰਧਾਰ:** ਅੱਜ ਦੀ ਇਸ ਕੜੀ ਵਿੱਚ ਸੁਣਾਵਾਂਗੇ ਬ੍ਰਿਤਾਂਤ ਊਰਜਾ ਦੀ ਕੁਸ਼ਲਤਾ ਵਧਾਉਣ ਵੱਲ ਹੋ ਰਹੇ ਯਤਨਾਂ ਦਾ!

**ਮਰਦ ਸੂਤਰਧਾਰ:** ਨਾਲੇ ਪੇਸ਼ ਕਰਾਂਗੇ ਜਾਣਕਾਰੀ ਊਰਜਾ ਕੁਸ਼ਲਤਾ ਵਧਾਊ ਰਾਸਟਰੀ ਮਿਸਨ ਦੇ ਬਾਬਤ !

**ਔਰਤ ਸੂਤਰਧਾਰ:** ਗੱਲ ਹੋਵੇਗੀ ਊਰਜਾ ਦੀ ਵਰਤੋਂ ਦੇ ਟਿਕਾਊ ਤਰੀਕਿਆਂ ਦੀ ਵੀ !

**ਐਲਾਨ**: ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ **ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ**" ਦੀ ਤੇਰ੍ਹਵੀਂ ਕੜੀ ।

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)

..................ਕੜੀ ਦਾ ਸੰਗੀਤ ............

## ਦ੍ਰਿਸ਼ -ਪਹਿਲਾ

(ਬੰਟੀ T V ਉਤੇ ਕ੍ਰਿਕਟ ਮੈਚ ਦੇਖ ਰਿਹਾ ਹੈ। ਕ੍ਰਿਕਟ ਕੰਮੈਂਟਰੀ ਦੀ ਆਵਾਜ਼ ਆਉਂਦੀ ਹੈ। ਮੁਕਾਬਲਾ ਬੜਾ ਹੀ ਰੋਚਕ ਬਣ ਰਿਹਾ ਹੈ । ਪਿਛੋਕੜ ਵਿੱਚ ਲੋਕਾਂ ਦਾ ਰੌਲਾ -ਰੱਪਾ ਤੇ ਜੋਸ਼ੀਲੀ ਕੰਮੈਂਟਰੀ ਦਾ ਦ੍ਰਿਸ਼)

ਬੰਟੀ: ( ਜੋਸ਼ ਵਿੱਚ ); ਵਾਹ! ਕੀ ਛੱਕਾ ਮਾਰਿਆ ਹੈ। ਇੰਡੀਆ ਅੱਜ ਦਾ ਮੈਚ ਜ਼ਰੂਰ ਜਿੱਤ ਲਵੇਗਾ।

(ਕ੍ਰਿਕਟ ਕੰਮੈਂਟਰੀ ਅਚਾਨਕ ਬੰਦ ਹੋ ਜਾਂਦੀ ਹੈ)

ਬੰਟੀ: ਓਹ! ਇਸ ਬਿਜਲੀ ਨੂੰ ਵੀ ਕੀ ਹੋਇਆ ਹੈ ? ਕੀ ਪਾਵਰ ਕੱਟ ਵੀ ਦਾ ਵਕਤ ਹੋ ਵੀ ਗਿਆ ? ਹੁਣ ਮੈਂ ਮੈਚ ਕਿਵੇਂ ਵੇਖਾਂ ? (ਗੁੱਸੇ ਵਿੱਚ ਆਵਾਜ਼ ਦਿੰਦਾ ਹੋਇਆ) ਦੇਖੋ ਮੰਮੀ ! ਹੁਣ ਤਾਂ ਬਿਲਕੁਲ ਢੁਕਵਾਂ ਵਕਤ ਹੈ...

ਮੰਮੀ: ਬੰਟੀ ! ਚੀਕ ਕਿਉਂ ਰਿਹਾ ਹੈਂ? ਕੀ ਹੋਇਆ?

ਬੰਟੀ: ਮੰਮੀ, ਦੇਖੋ ਇੰਡੀਆ ਕਿੰਨਾ ਵਧੀਆ ਖੇਲ ਰਿਹਾ ਸੀ ਅਤੇ ਬਿਜਲੀ ਚਲੀ ਗਈ। ਪਾਪਾ ਨੂੰ ਜੈਨਰੇਟਰ ਲਗਵਾਉਣ ਦੇ ਲਈ ਕਿਉਂ ਨਹੀਂ ਕਹਿੰਦੇ? ਹੋਰ ਨਹੀਂ ਤਾਂ ਇਕ ਇਨਵਰਟਰ ਹੀ ਲਗਵਾ ਲੈਦੇਂ ਹਾਂ।

ਮੰਮੀ: (ਹੱਸਦੇ ਹੋਏ) ਬੰਟੀ ਬੇਟੇ... ਇਹ ਛੋਟੀਆਂ ਗੱਲਾਂ...

ਬੰਟੀ: ਮੰਮੀ ਹੱਸੋ ਨਾ। ਮੇਰੇ ਇਮਤਿਹਾਨ ਖ਼ਤਮ ਹੋ ਗਏ ਹਨ ਅਤੇ ਅੱਜ ਤਾਂ ਐਤਵਾਰ ਹੈ, ਛੁੱਟੀ ਦਾ ਦਿਨ। ਕੀ ਮੈ ਐਨਾ ਵੀ ਅਨੰਦ ਨਹੀ ਲੈ ਸਕਦਾ?

#(ਬੰਟੀ ਦੇ ਪਿਤਾ ਦਾ ਕਮਰੇ ਵਿਚ ਪ੍ਰਵੇਸ਼)#

ਪਾਪਾ: ਬੇਟਾ ਕੀ ਹੋਇਆ ਜੋ ਐਨਾ ਚੀਕ ਰਿਹਾ ਹੈਂ?

ਬੰਟੀ: ਪਾਪਾ ! ਮੈਨੂੰ ਨਹੀਂ ਪਤਾ ਬੱਸ ਹੁਣ ਤਾਂ ਤੁਹਾਨੂੰ ਘਰ ਵਿੱਚ ਜੈਨਰੇਟਰ ਲਗਵਾਉਣਾ ਹੀ ਪਵੇਗਾ।

ਪਾਪਾ: (ਹੱਸਦੇ ਹੋਏ) ਅੱਛਾ ਬਾਬਾ ਅੱਛਾ। ਸੋਚਦੇ ਹਾਂ।

ਬੰਟੀ: ਪਾਪਾ ਹੁਣ ਹੋਰ... ਇਹ ਤਾਂ ਕਰਨਾ ਹੀ ਹੋਵੇਗਾ।

ਪਾਪਾ: ਚਲ ਠੀਕ ਹੈ ! ਕਿਉਂ ਨਾ ਇਸ ਉਤੇ ਕੁਝ ਚਰਚਾ ਹੋ ਜਾਏ।

ਬੰਟੀ: ਪਾਪਾ... ਇਹ ਕੋਈ ਬਹਿਸ ਦਾ ਮੁੱਦਾ ਥੋੜ੍ਹਾ ਹੀ ਹੈ।

ਮੰਮੀ: ਮੈਂ ਵੀ ਮਹਿਸੂਸ ਕਰਦੀ ਹਾਂ ਕਿ ਬੰਟੀ ਸਹੀ ਕਹਿ ਰਿਹਾ ਹੈ। ਘੱਟੋ-ਘੱਟ ਇਨਵਰਟਰ ਤਾਂ ਲਗਾਵਾ ਹੀ ਲੈਂਦੇ ਹਾਂ। ਕਿੰਨੇ ਦਿਨਾਂ ਤੋਂ ਛੋਟੇ-ਛੋਟੇ ਕੰਮ ਐਵੇਂ ਹੀ ਟਾਲੇ ਜਾ ਰਹੇ ਹਨ।

ਬੰਟੀ: ਮੰਮੀ ਠੀਕ ਕਹਿ ਰਹੀ ਹੈ।

ਪਾਪਾ: ਬੇਟਾ! ਹੁਣ ਤੁਸੀਂ ਵੱਡੇ ਹੋ ਗਏ ਹੋ। ਗੱਲ ਨੂੰ ਸਮਝੋ।

ਬੰਟੀ: ਠੀਕ ਹੈ ਪਾਪਾ।

ਪਾਪਾ: ਬੇਟਾ! ਸਵਾਲ ਇਹ ਹੈ ਕਿ ਆਖ਼ਿਰ ਪਾਵਰ ਕੱਟ ਕਿਉਂ ਲਗਦਾ ਹੈ !

ਬੰਟੀ: ਪਾਪਾ! ਭਲਾ ਇਹ ਵੀ ਵੱਡੀ ਬੁਝਾਰਤ ਐ ? ਲੋਡ ਸ਼ੈਡਿੰਗ ਕਾਰਨ ਲਗਦੇ ਨੇ ਇਹ ਬਿਜਲੀ ਦੇ ਕੱਟ !

ਪਾਪਾ: ਆਖ਼ਿਰ ਇਹ ਲੋਡ ਸ਼ੈਡਿੰਗ ਹੁੰਦੀ ਕਿਉਂ ਹੈ ?

ਬੰਟੀ: ਬਿਜਲੀ ਦੀ ਉਪਲਬਧਤਾ ਦੀ ਕਮੀ ਨਾਲ

ਪਾਪਾ: ਅਰਧ ਸੱਚ (ਹੱਸਦੇ ਹੋਏ)

ਬੰਟੀ: ਕਿਵੇਂ? ਮੈਂ ਕੁਝ ਸਮਝਿਆ ਨਹੀਂ... ਪਾਪਾ।

ਪਾਪਾ: ਮੈਂ ਸਮਝਾਉਂਦਾ ਹਾਂ। ਕਿਉਂਕਿ ਮੰਗ ਜ਼ਿਆਦਾ ਹੈ ਅਤੇ ਉਪਲਬਧਤਾ ਸੀਮਿਤ।

ਬੰਟੀ: ਇਹ ਤਾਂ ਠੀਕ ਹੈ ਪਾਪਾ। ਪਰੰਤੂ ਕੀ ਅਸੀਂ ਉਤਪਾਦਨ ਨਹੀਂ ਵਧਾ ਸਕਦੇ?

ਪਾਪਾ: ਇਹ ਵੀ ਅਰਧ ਸੱਚ ਹੀ ਹੈ। ਅਸੀਂ ਬਿਜਲੀ ਪੈਦਾ ਕਰ ਸਕਦੇ ਹਾਂ।

ਬੰਟੀ: ਹਾਂ...... ਜੈਨਰੇਟਰ ਦੇ ਉਪਯੋਗ ਨਾਲ। ਇਹੀ ਤਾਂ ਮੈਂ ਕਹਿ ਰਿਹਾ ਸੀ। ਸਾਨੂੰ ਜੈਨਰੇਟਰ ਖਰੀਦਣਾ ਹੀ ਪਊਗਾ।

ਪਾਪਾ: ਇੰਨਾ ਉਤਾਵਲਾ ਨਾ ਹੋ ! ਇਕ-ਇਕ ਮੁੱਦੇ ਉਤੇ ਗੱਲ ਕਰਦੇ ਹਾਂ।

ਬੰਟੀ: ਕੀ ਮਤਲਬ?

ਪਾਪਾ: ਅੱਛਾ ਪਹਿਲਾ ਆਪਾਂ ਮੰਗ ਅਤੇ ਉਪਲਬਧਤਾ ਦੇ ਅੰਤਰ ਦੀ ਗੱਲ ਕਰਦੇ ਹਾਂ। ਇਸ ਕਮੀ ਦੇ ਮੁੱਖ ਕਾਰਨਾਂ ਵਿੱਚ ਇੱਕ ਹੈ - ਖਪਤ ਵਿਚ ਕੁਸ਼ਲਤਾ ਦੀ ਕਮੀ।

ਬੰਟੀ: ਅੱਛਾ ! ਤਾਂ ਦੱਸੋ ਕਿ ਖਪਤ ਵਿਚ ਕੁਸ਼ਲਤਾ ਅਸੀਂ ਕਿਵੇਂ ਲਿਆ ਸਕਦੇ ਹਾਂ?

ਪਾਪਾ: ਇਸਦੇ ਲਈ ਸਾਨੂੰ ਅੱਗੇ ਆਉਣਾ ਹੋਊਗਾ। ਆਪਣੇ ਖੇਤਰ ਦਾ ਸਰਵੇਖਣ

ਬੰਟੀ: ਸਰਵੇਖਣ! ਪਾਪਾ ਤੁਸੀਂ ਤਾਂ ਮੈਨੂੰ ਉਲਝਾ ਰਹੇ ਹੋ।

ਪਾਪਾ: (ਹੱਸਦੇ ਹੋਏ) ਨਹੀਂ ਬੇਟੇ! ਮੈਂ ਤੈਨੂੰ ਉਲਝਾ ਨਹੀਂ ਰਿਹਾ। ਮੈਂ ਦੱਸਦਾ ਹਾਂ ਇਹ ਸਰਵੇਖਣ ਕੀ ਹੈ ਅਤੇ ਕਿਵੇਂ ਕਰਨਾ ਹੈ।

ਮੰਮੀ: (ਤੇਜ਼ ਆਵਾਜ਼ ਦੂਰ ਤੋਂ) ਇਹ ਸਰਵੇਖਣ ਬਆਦ ਵਿਚ। ਖਾਣਾ ਤਿਆਰ ਹੈ ਪਹਿਲਾਂ ਸਾਰੇ ਲੰਚ ਕਰਦੇ ਹਾਂ।

ਬੰਟੀ: ਠੀਕ ਹੈ ਮੰਮੀ... ਥੋੜ੍ਹਾ ਇੰਤਜ਼ਾਰ ਕਰੋ। ਅੱਛਾ ਪਾਪਾ ਲੰਚ ਉਤੇ ਚਰਚਾ।

ਪਾਪਾ: (ਹੱਸਦੇ ਹੋਏ) ਕੀ ਕ੍ਰਿਕਟ ਮੈਚ ਦੀ ਤਰਾਂ ਕੋਈ ਲੰਚ ਬ੍ਰੇਕ ਨਹੀਂ ਹੋਵੇਗਾ ? ਚਲੋ ਸਰਵੇਖਣ ਕਰ ਲੈਣਾ ! ਫਿਰ ਕਰਨੀ ਚਰਚਾ ਮੇਰੇ ਨਾਲ ......

**#ਦ੍ਰਿਸ਼ ਬਦਲਾਅ ਸੰਗੀਤ#**

**ਦ੍ਰਿਸ਼ -2**

(ਦੁਪਿਹਰ ਦਾ ਸਮਾਂ... ਬੰਟੀ ਸਰਵੇ ਦੇ ਲਈ ਪਾਪਾ ਨਾਲ ਚਰਚਾ ਕਰਦੇ ਹੋਏ)

ਬੰਟੀ: ਪਾਪਾ... ਪਾਪਾ...

ਪਾਪਾ: (ਅੰਦਰੋਂ) ਹਾਂ ਬੇਟਾ... ਕੀ ਹੋਇਆ... ਹੁਣ ਦੱਸੋ।

ਬੰਟੀ: ਪਾਪਾ... ਮੇਰਾ ਸਰਵੇਖਣ ਪੂਰਾ ਹੋ ਗਿਆ। ਮੈਂ ਕੁਝ ਨਤੀਜੇ ਕੱਢੇ ਹਨ।

ਪਾਪਾ: ਸ਼ਾਬਾਸ਼ । ਬੰਟੀ ਤੂੰ ਤਾਂ ਬਹੁਤ ਵੱਡਾ ਕੰਮ ਕਰ ਲਿਆ ਹੈ। ਉਹ ਵੀ ਇਕ ਹਫ਼ਤੇ ਵਿਚ !

ਬੰਟੀ: ਪਾਪਾ... ਮੈਂ ਦੇਖਿਆ ਹੈ ਕਿ ਜ਼ਿਆਦਾਤਰ ਦੁਕਾਨਾਂ ਵਿਚ ਟਿਊਬ ਲਾਈਟਾਂ ਅਤੇ ਹੈਲੋਜਨ ਲਾਈਟਾਂ ਨੂੰ ਵਰਤਿਆ ਜਾ ਰਿਹਾ ਹੈ। ਕੁੱਝ ਹੀ ਵੱਡੇ ਸ਼ੋ-ਰੂਮਾਂ ਵਿਚ LED ਦਾ ਉਪਯੋਗ ਕੀਤਾ ਜਾ ਰਿਹਾ ਹੈ।

ਪਾਪਾ: ਬੰਟੀ... LED ਬੱਲਬ ਦਾ ਉਪਯੋਗ ਹੋ ਰਿਹਾ ਹੈ ਪਰੰਤੂ ਬਹੁਤ ਘੱਟ।

ਪਾਪਾ: ਮੇਰੇ ਵਿਚਾਰ ਨਾਲ ਤੈਨੂੰ ਤੇਰਾ ਉਤਰ ਮਿਲ ਗਿਆ ਹੈ।

ਬੰਟੀ: ਜੇ ਅਸੀਂ LED ਬੱਲਬ ਨੂੰ ਪ੍ਰਯੋਗ ਵਿਚ ਲਿਆਈਏ ਤਾਂ ਬਹੁਤ ਊਰਜਾ ਬਚਾ ਸਕਦੇ ਹਾਂ। ਦੂਸਰੇ ਇਹ CFL ਬੱਲਬਾਂ ਵਾਂਗ ਵਾਤਾਵਰਨ ਨੂੰ ਵੀ ਪ੍ਰਦੂਸ਼ਿਤ ਨਹੀਂ ਕਰਦੇ। LED ਦੇ ਪ੍ਰਯੋਗ ਨਾਲ ਵਧੀਆ ਰੌਸ਼ਨੀ ਅਤੇ ਨਾਲ ਹੀ ਘੱਟ ਖਰਚਾ ਮਤਲਬ **ਆਮ ਕੇ ਆਮ ਗੁਠਲੀਓਂ ਕੇ ਦਾਮ**।

ਪਾਪਾ: ਵਾਹ! ਕੀ ਗੱਲ ਕਹੀ। ਇਸ ਪ੍ਰਕਾਰ LED ਨਾਲ ਅਸੀਂ ਊਰਜਾ ਦੀ ਖਪਤ ਨੂੰ ਘੱਟ ਕਰ ਸਕਦੇ ਹਾਂ। ਇਸਨੂੰ ਹੀ ਕਹਿੰਦੇ ਹਨ ਊਰਜਾ ਕੁਸ਼ਲਤਾ।

ਬੰਟੀ: ਬਿਲਕੁਲ... ਊਰਜਾ ਕੁਸ਼ਲਤਾ ਨਾਲ ਹੀ ਸੰਭਵ ਹੈ ਊਰਜਾ ਬੱਚਤ ਅਤੇ ਬਿਜਲੀ ਕਟੌਤੀ ਤੋਂ ਛੁੱਟੀ......

ਪਾਪਾ: ਸਰਕਾਰ LED ਦੇ ਪ੍ਰਯੋਗ ਉਤੇ ਜ਼ੋਰ ਦੇ ਰਹੀ ਹੈ ਅਤੇ ਨਾਲ ਹੀ ਉਤਸ਼ਾਹਤ ਵੀ ਕਰ ਰਹੀ ਹੈ ।

ਬੰਟੀ: ਪਾਪਾ, ਇਸ ਦੇ ਲਈ ਵਿਸ਼ੇਸ਼ ਮੁਹਿੰਮ ਚਲਾ ਕੇ ਲੋਕਾਂ ਵਿਚ ਚੇਤਨਾ ਲਿਆਉਣੀ ਹੋਵੇਗੀ ।

ਪਾਪਾ: ਸਹੀ ਕਿਹਾ। ਸਾਡੀ ਸਰਕਾਰ ਵੀ ਇਹ ਸਭ ਕਰ ਰਹੀ ਹੈ। ਗਲੋਬਲ ਵਾਰਮਿੰਗ ਨੂੰ ਘੱਟ ਕਰਨ ਵਾਲੇ ਅੱਠ ਬਿੰਦੂਆਂ ਵਿਚ ਇਕ ਊਰਜਾ ਕੁਸ਼ਲਤਾ ਉਤੇ ਜੋਰ ਦੇਣਾ ਵੀ ਹੈ।

ਬੰਟੀ: ਪਾਪਾ ਤੁਸੀਂ ਕੀ ਕਹਿ ਰਹੇ ਸੀ ? ਜਲਵਾਯੂ ਪਰਿਵਰਤਨ ਬਾਬਤ ਕਾਰਜ ਯੋਜਨਾ ?

ਪਾਪਾ: ਹਾਂ।

ਬੰਟੀ: ਪਰੰਤੂ ਇਨ੍ਹਾਂ ਦੋਨਾਂ ਦਾ ਆਪਸ ਵਿਚ ਕੀ ਸੰਬੰਧ ?

ਪਾਪਾ: ਸਬੰਧ ਹੈ ! ਬਹੁਤ ਗਹਿਰਾ ਸਬੰਧ ਹੈ ਬੇਟੇ।

ਬੰਟੀ: ਉਹ ਕਿਵੇਂ?

ਪਾਪਾ: ਸਾਨੂੰ ਬਿਜਲੀ ਊਰਜਾ ਦਾ ਲੱਗਭਗ 70% ਭਾਗ, ਤਾਪ ਬਿਜਲੀ ਘਰਾਂ ਤੋਂ ਪ੍ਰਾਪਤ ਹੁੰਦੀ ਹੈ।ਇਨ੍ਹਾਂ ਵਿੱਚ ਵਰਤੇ ਜਾਂਦੇ ਈਂਧਨ ਦੇ ਆਧਾਰ ਉਤੇ ਇਨ੍ਹਾਂ ਨੂੰ ਅਸੀਂ ਕੋਲਾ, ਗੈਸ ਅਤੇ ਡੀਜਲ ਦੀਆਂ ਸ਼੍ਰੇਣੀਆਂ ਵਿਚ ਵੰਡ ਸਕਦੇ ਹਾਂ। ਪਰੰਤੂ 62% ਤੋਂ ਵੱਧ ਬਿਜਲੀ ਊਰਜਾ ਸਾਨੂੰ ਕੋਲੇ ਵਾਲੇ ਬਿਜਲੀ ਘਰਾਂ ਤੋਂ ਹੀ ਪ੍ਰਾਪਤ ਹੁੰਦੀ ਹੈ।

ਬੰਟੀ: ਅੱਛਾ ! ਹੁਣ ਸਮਝ ਆਇਆ... ਭਾਫ਼ ਬਣਾਉਣ ਲਈ ਅਸੀਂ ਕੋਲੇ ਦਾ ਪ੍ਰਯੋਗ ਕਰਦੇ ਹਾਂ ਤੇ ਕੋਲੇ ਦੇ ਬਲਣ ਨਾਲ ਵਾਤਾਵਰਨ ਪ੍ਰਦੂਸ਼ਣ ਵਧਦਾ ਹੈ।

ਪਾਪਾ: ਇਹ ਹੀ ਨਹੀਂ... ਕਾਰਬਨ ਦੇ ਉਤਸਰਜਨ ਨਾਲ ਗਲੋਬਲ ਵਾਰਮਿੰਗ ਦੀ ਸਮੱਸਿਆ ਵੀ ਵਧਦੀ ਹੈ। ਇਸ ਲਈ ਬਿਜਲੀ ਦੀ ਖਪਤ ਬੜਾ ਸੋਚ ਸਮਝ ਕੇ ਹੀ ਕਰਨੀ ਚਾਹੀਦੀ ਹੈ।

ਬੰਟੀ: ਹਾਂ ਜੀ!ਜੇ ਲੋੜ ਨਾ ਹੋਵੇ ਜਾਂ ਜਦ ਘਰ ਨਾ ਹੋਈਏ ਤਾਂ ਬਿਜਲੀ ਦੀਆਂ ਸਾਰੀਆਂ ਸਵਿੱਚਾਂ ਨੂੰ ਬੰਦ ਕਰ ਦੇਈਏ।

ਪਾਪਾ: ਸਹੀ ਸਮਝਿਆ (ਹੱਸਦੇ ਹੋਏ) ਘਰ ਵਿਚ ਹੀ ਨਹੀਂ, ਕਾਰਖਾਨਿਆਂ, ਜਨਤਕ ਸਥਾਨਾਂ 'ਤੇ ਬਾਕੀ ਸੰਸਾਥਾਵਾਂ ਵਿੱਚ ਵੀ ਇਹੋ ਹੋਣਾ ਚਾਹੀਦਾ ਹੈ। ਪੱਖੇ, ਬੱਲਬ ਤੇ ਟਿਊਬ ਲਾਈਟ ਸਾਰਿਆਂ ਨੂੰ ਬੰਦ ਕਰਨਾ ਚਾਹੀਦਾ ਹੈ।

ਬੰਟੀ: ਊਰਜਾ ਖਪਤ ਦੀ ਕੁਸ਼ਲਤਾ ਦੇ ਲਈ **ਏ.ਸੀ. ਦੇ ਤਾਪਮਾਨ ਨੂੰ ਵੀ** 24 **ਤੋਂ** 26 **ਡਿਗਰੀ ਸੈਲਸੀਅਸ** ਤੱਕ ਰੱਖਣਾ ਠੀਕ ਰਹਿੰਦਾ ਹੈ।

ਪਾਪਾ: ਸਹੀ ਕਿਹਾ... ਬੰਟੀ ਬੇਟਾ ਸਮਝਦਾਰ ਹੋ ਗਿਆ ਹੈ।

ਬੰਟੀ: ਪਰ ਪਾਪਾ, ਅਸੀਂ ਸੌਰ ਊਰਜਾ ਨੂੰ ਕਿਉਂ ਨਹੀਂ ਅਪਣਾਉਂਦੇ।ਸਾਡੇ ਦੇਸ਼ ਵਿਚ ਤਾਂ ਇਸ ਦੀ ਕਮੀ ਵੀ ਨਹੀਂ।

ਪਾਪਾ: ਹਾਂ, ਸਾਡੇ ਦੇਸ਼ ਦੇ ਲਈ ਤਾਂ ਇਹ ਸਾਫ-ਸੁਥਰੀ, ਪ੍ਰਦੂਸ਼ਣ ਰਹਿਤ ਊਰਜਾ ਦਾ ਸ੍ਰੋਤ ਹੈ।ਪੈਰਿਸ ਸੰਮੇਲਨ ਵਿਚ ਸਾਡੇ ਦੇਸ਼ ਨੇ ਕਾਰਬਨ ਉਤਸਰਜਨ ਦੀ ਮਾਤਰਾ 2030 ਵਿਚ 2005 ਦੇ ਮੁਕਾਬਲੇ ਇਕ ਤਿਹਾਈ ਕਰਨ ਦਾ ਵਾਅਦਾ ਕੀਤਾ ਹੈ।ਸਰਕਾਰ ਸੂਰਜੀ ਊਰਜਾ ਦੇ ਅਨੇਕਾਂ ਖੇਤਰਾਂ ਨੂੰ ਪ੍ਰਫੁਲਿੱਤ ਕਰਨ ਦਾ ਯਤਨ ਕਰ ਰਹੀ ਹੈ। ਜਿਵੇਂ ਕਿ ਪਾਣੀ ਨੂੰ ਗਰਮ ਕਰਨ, ਭੋਜਨ ਪਦਾਰਥਾਂ ਨੂੰ ਸੁਕਾਉਣ, ਉਦਯੋਗ ਅਤੇ ਖੇਤੀ ਖੇਤਰ ਆਦਿ ਵਿਚ।

ਵਸੁਧਾ: ਪ੍ਰੰਤੂ ਇਸ 'ਤੇ ਤਾਂ ਖਰਚਾ ਹੀ ਬਹੁਤ ਆਉਂਦਾ ਹੈ।

ਪਾਪਾ: ਹਾਂ, ਖਰਚ ਇਕ ਸਮੱਸਿਆ ਹੈ। ਦੂਸਰਾ ਸੋਲਰ ਪੈਨਲ ਲਗਾਉਣ ਲਈ ਵੱਧ ਜਗ੍ਹਾ ਦੀ ਵੀ ਜ਼ਰੂਰਤ ਪੈਂਦੀ ਹੈ।

ਬੰਟੀ: ਹਾਂ, ਇਹ ਤਾਂ ਹੈ।

ਪਾਪਾ: ਪਰ , ਸਾਡੇ ਵਿਗਿਆਨੀ ਵੀ ਪਿੱਛੇ ਨਹੀਂ , ਉਹ ਵੀ ਨਵੇਂ-ਨਵੇਂ ਤਰੀਕੇ ਖੋਜਣ ਵਿੱਚ ਲੱਗੇ ਹੋਏ ਹਨ।

ਬੰਟੀ: ਕਿਹੜੇ ਨਵੇਂ ਤਰੀਕੇ?

ਪਾਪਾ: ਜਿਵੇਂ ਸੋਲਰ ਦਰਖ਼ਤ।

ਬੰਟੀ: ਸੋਲਰ ਦਰਖ਼ਤ! ਸੁਣਨ ਨੂੰ ਤਾਂ ਵਧੀਆ ਲੱਗ ਰਿਹਾ ਹੈ।

ਪਾਪਾ: ਹਾਂ... ਸਾਡੇ ਦੇਸ਼ ਵਿਚ ਜ਼ਮੀਨ ਪ੍ਰਾਪਤ ਕਰਨਾ... ਇਕ ਵੱਡੀ ਸਮੱਸਿਆ ਹੈ। ਕਈ ਵਾਰ ਇਸ ਨਾਲ ਲੜਾਈ-ਝਗੜੇ ਅਤੇ ਧਰਨੇ-ਪ੍ਰਦਰਸ਼ਨਾਂ ਦੀ ਨੌਬਤ ਤੱਕ ਆ ਜਾਂਦੀ ਹੈ।

ਬੰਟੀ: ਅੱਛਾ...?

ਪਾਪਾ: ਇਸ ਸੋਲਰ ਦਰਖ਼ਤ ਦਾ ਮਕਸਦ... ਘੱਟ ਤੋਂ ਘੱਟ ਜਗ੍ਹਾ ਵਿਚ ਜ਼ਿਆਦਾ ਤੋਂ ਜ਼ਿਆਦਾ ਸੌਰ ਊਰਜਾ ਦਾ ਦਾ ਉਤਪਾਦਨ ਕਰਨਾ ਹੁੰਦਾ ਹੈ।

ਬੰਟੀ: ਉਹ ਕਿਵੇਂ?

ਪਾਪਾ: ਸੋਲਰ ਦਰਖ਼ਤ ਉਤੇ ਫੋਟੋਵਾਲਟਿਕ ਪੈਨਲ ਲਗਾਏ ਜਾਂਦੇ ਹਨ। ਇਹ ਪੈਨਲ ਸਟੀਲ ਦੀਆਂ ਟਾਹਣੀਆਂ ਉਤੇ ਅਲੱਗ-ਅਲੱਗ ਥਾਵਾਂ ਅਤੇ ਦਿਸ਼ਾਵਾਂ ਉਤੇ ਸਥਾਪਿਤ ਕੀਤੇ ਜਾਂਦੇ ਹਨ। ਇਸ ਵਿਧੀ ਵਿਚ 5 ਕਿਲੋਵਾਟ ਬਿਜਲੀ ਪੈਦਾ ਕਰਨ ਲਈ 400 ਦੀ ਥਾਂ ਕੇਵਲ ਵਰਗ ਫੁੱਟ ਜਗ੍ਹਾ ਦੀ ਹੀ ਲੋੜ ਪੈਂਦੀ ਹੈ।

ਵਸੁਧਾ : ਅੱਛਾ ! 100 ਗੁਣਾ ਘੱਟ ਥਾਂ ਦੀ ਲੋੜ ! ਕਮਾਲ ਐ ਇਸ ਵਿਗਿਆਨ ਦਾ ਵੀ !

ਪਾਪਾ: ਇਕ ਸੋਲਰ ਦਰਖ਼ਤ ਨਾਲ ਪੰਜ ਘਰਾਂ ਦੀ ਬਿਜਲੀ ਦੀ ਪੂਰੀ ਕੀਤੀ ਜਾ ਸਕਦੀ ਹੈ।

ਬੰਟੀ: ਚਮਤਕਾਰ! ਸਾਡੇ ਵਿਗਿਆਨੀਆਂ ਨੇ ਕਰਕੇ ਦਿਖਾ ਦਿੱਤਾ ਹੈ।

ਪਾਪਾ: ਹਾਂ...ਕਲਕੱਤਾ ਵਿਖੇ ਸਥਿਤ CSIR ਦੀ ਸੈਨਟਰਲ ਮਕੈਨੀਕਲ ਇੰਜਨੀਅਰਿੰਗ ਖੋਜ ਸੰਸਥਾ ਦੇ ਵਿਗਿਆਨੀਆਂ ਨੇ ਕੀਤਾ ਹੈ ਇਹ ਕਮਾਲ ਤਾਂ ! ਇਨ੍ਹਾਂ ਨੇ ਸੋਲਰ ਊਰਜਾ ਦੇ ਖੇਤਰ ਵਿਚ ਕਈ ਨਵੀਆਂ ਖੋਜਾਂ ਕੀਤੀਆਂ ਹਨ।

ਬੰਟੀ: ਪਾਪਾ... ਇਸ ਸੋਲਰ ਪੈਨਲ ਨੂੰ ਸਾਫ਼ ਕਿਵੇਂ ਕਰੋਗੇ। ਉਚਾਈ ਹੋਣ ਦੀ ਇਹ ਵੀ ਤਾਂ ਸਮੱਸਿਆ ਹੈ।

ਪਾਪਾ: ਵਧੀਆ ਪ੍ਰਸ਼ਨ... ਸਾਡੇ ਵਿਗਿਆਨੀਆ ਨੇ ਇਸਦੇ ਲਈ ਖੁਦ ਚੱਲਣ ਵਾਲੇ ਪਾਣੀ ਦੇ ਫੁਹਾਰਿਆਂ ਦਾ ਪ੍ਰਬੰਧ ਕੀਤਾ ਹੈ। ਇਸ ਨਾਲ ਇਸ ਪੈਨਲ ਦੀ ਕੰਮ ਕਰਨ ਦੀ ਸਮਰੱਥਾ ਵਧ ਜਾਂਦੀ ਹੈ।

ਬੰਟੀ: ਇਹ ਵੀ ਇਕ ਕਰਿਸ਼ਮਾ ਹੀ ਹੈ।

ਪਾਪਾ: ਬੰਟੀ... ਇਸ ਸੋਲਰ ਪੈਨਲ ਦੀ ਇਕ ਹੋਰ ਵਿਸ਼ੇਸ਼ਤਾ ਹੈ।

ਬੰਟੀ: ਉਹ ਕਿਹੜੀ... ਪਾਪਾ

ਪਾਪਾ: ਅਸੀਂ ਜ਼ਰੂਰਤ ਪੈਣ ‘ਤੇ ਇਸ ਪੈਨਲ ਦੀ ਦਿਸ਼ਾ ਬਦਲ ਸਕਦੇ ਹਾਂ।

ਬੰਟੀ: ਅੱਛਾ ਤਾਂ ਜਿਧਰ ਨੂੰ ਜਾਏ ਸੂਰਜ -ਉਧਰ ਨੂੰ ਹੀ ਕਰ ਸਕਦੇ ਹਾਂ ਇਨ੍ਹਾਂ ਸੋਲਰ ਪੈਨਲਾਂ ਦਾ ਰੁੱਖ ਵੀ !

ਪਾਪਾ: ਬਿਲਕੁਲ ਠੀਕ। ਇਸ ਨਾਲ ਇਨ੍ਹਾਂ ਦੀ ਕੰਮ ਦੀ ਸਮਰੱਥਾ ਵੀ ਵਧ ਜਾਂਦੀ ਹੈ। ਵੱਧ ਉਚਾਈ ਉਤੇ ਸੂਰਜ ਦੀ ਰੌਸ਼ਨੀ ਵੀ ਜ਼ਿਆਦਾ ਮਿਲਣ ਕਰਕੇ 10 ਤੋਂ 15 ਪ੍ਰਤੀਸ਼ਤ ਵਧੇਰੇ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ।

ਬੰਟੀ: ਪਾਪਾ... ਸਰਕਾਰ ਅਤੇ ਦੂਸਰੀਆ ਸੰਸਥਾਵਾਂ ਵੱਲੋਂ ਇਸ ਖੇਤਰ ਵਿਚ ਹੋਰ ਕੀ ਕੀਤਾ ਗਿਆ ਹੈ? ਮੈਂ ਇੰਟਰਨੈਟ ਉਤੇ ਵੀ ਹੋਰ ਜਾਣਕਾਰੀ ਇਕੱਠੀ ਕਰਨ ਦਾ ਯਤਨ ਕਰਾਂਗਾ।

ਪਾਪਾ: ਹਾਂ ਬੇਟਾ। ਨੈੱਟ 'ਤੇ ਬਹੁਤ ਜਾਣਕਾਰੀਆਂ ਮਿਲ ਜਾਂਦੀਆਂ।ਪਰ ਉਨ੍ਹਾਂ ਦਾ ਸਹੀ ਵਿਸ਼ਲੇਸ਼ਣ ਕਰਨਾ ਜਰੂਰੀ ਹੈ। ਇਨ੍ਹਾਂ ਜਾਣਕਾਰੀਆਂ ਦੇ ਲਈ ਇਕ ਹੋਰ ਸੌਖਾ ਸਾਧਨ ਵੀ ਹੈ !

ਬੰਟੀ: ਕਿਹੜਾ ਪਾਪਾ?

ਪਾਪਾ: ਮੇਰੀ ਇਕ ਜਮਾਤਣ ਡਾ. ਸੋਨੀਆ, ਇਕ NGO ਚਲਾਉਂਦੀ ਹੈ ਜੋ ਕਿ ਊਰਜਾ ਸੁਰੱਖਿਅਣ ਦੇ ਖੇਤਰ ਵਿਚ ਜਨ-ਜਾਗ੍ਰਿਤੀ ਦਾ ਕੰਮ ਕਰਦੀ ਹੈ। ਕੰਮ ਵੀ ਅਜਿਹਾ ਜੋ ਕਿ ਨਵੀਆਂ ਖੋਜਾਂ ਨੂੰ ਵਧਾਵਾ ਦਿੰਦਾ ਹੈ। ਕੱਲ੍ਹ ਅਸੀਂ ਉਨ੍ਹਾਂ ਦੇ ਦਫਤਰ ਚੱਲਾਂਗੇ ਅਤੇ ਇਸ ਸਭ 'ਤੇ ਵਿਸਤਾਰ ਨਾਲ ਚਰਚਾ ਕਰਾਂਗੇ।

ਬੰਟੀ: ਪਰੰਤੂ ਪਾਪਾ, ਮੇਰੇ ਸਕੂਲ ਦਾ ਕੀ ਹੋਵੇਗਾ?

ਪਾਪਾ: ਇਕ ਦਿਨ ਸਕੂਲੋਂ ਛੁੱਟੀ ਲੈ ਲਈਂ। ਆਖ਼ਰ ਇਹ ਵੀ ਤਾਂ ਤੇਰੇ ਪ੍ਰੋਜੈਕਟ ਨਾਲ ਜੁੜਿਆ ਹੋਇਆ ਹੈ।

ਬੰਟੀ: ਠੀਕ ਹੈ ਪਾਪਾ... ਨਵਾਂ ਕਦਮ, ਵਧੀਆ ਕੰਮ ਦੇ ਲਈ (ਹੱਸਦੇ ਹੋਏ)

ਪਾਪਾ: ਅੱਛਾ, ਮੈਂ ਡਾ. ਸੋਨੀਆ ਨੂੰ ਦੱਸ ਦਿੰਦਾ ਹਾਂ।

**#ਦ੍ਰਿਸ਼ ਪਰਿਵਰਤਨ ਸੰਗੀਤ #**

**ਦ੍ਰਿਸ਼-3**

(ਕਾਰ ਦੇ ਸਟਾਰਟ ਹੋਣ ਦੀ ਧੁਨ/ ਟ੍ਰੈਫਿਕ ਸ਼ੋਰ/ ਦਰਵਾਜ਼ੇ 'ਤੇ ਦਸਤਕ/ ਅੰਦਰ ਜਾਣ ਦਾ ਚਿਤਰਨ/ ਨਮਸਕਾਰ/ ਸਵਾਗਤ ਆਦਿ )

ਪਾਪਾ: ਕੀ ਮੈਂ ਅੰਦਰ ਆ ਸਕਦਾ ਹਾਂ (ਹੱਸਦੇ ਹੋਏ)

ਸੋਨੀਆ: (ਅੰਦਰੋਂ) ਕਮ ਇਨ !

#(ਦਰਵਾਜ਼ਾ ਖੁੱਲਦਾ ਹੋਇਆ)#

ਸੋਨੀਆ: ਮਨੀਸ਼ ਸਵਾਗਤ ਹੈ! ਕਿੰਨੇ ਸਾਲ ਬਆਦ ਮਿਲ ਰਹੇ ਹਾਂ।

(ਮਨੀਸ਼) ਪਾਪਾ: ਹਾਂ... ਪਰ ਸ਼ੋਸਲ ਮੀਡੀਆਂ ਨੇ ਇਹ ਕਮੀ ਕੱਝ ਹੱਦ ਦੂਰ ਕਰ ਦਿੱਤੀ ਹੈ (ਹੱਸਦੇ ਹੋਏ)

ਸੋਨੀਆ: ਹੈਲੋ ਦੋਸਤ! ਮੈਨੂੰ ਲੱਗਦਾ ਹੈ ਤੂੰ ਹੈਂ ਬੰਟੀ , ਕਿਵੇਂ ਹੋ?

ਬੰਟੀ: ਨਮਸਤੇ ਅੰਟੀ ! ਮੈਂ ਠੀਕ ਹਾਂ !

ਪਾਪਾ: ਬੇਟਾ, ਇਹ ਤੇਰੀ ਸੋਨੀਆ ਅੰਟੀ ਹੈ ਤੇ ਇਹ ਹੈ ਨਿਲੇਸ਼ ਨਿੱਕ ਨਾਮ ਬੰਟੀ !

ਸੋਨੀਆ: ਵਾਹ...... ਇੱਕ... ਯੁਵਾ ਵਿਗਿਆਨੀ..................।

ਬੰਟੀ: ਵਿਗਿਆਨੀ ਤਾਂ ਬਣਨ ਦੀ ਕੋਸ਼ਿਸ਼ ਹੈ ਅਜੇ !

ਸੋਨੀਆ: ਅੱਛਾ ! ਹੁਣ ਕੰਮ ਦੀ ਗੱਲ 'ਤੇ ਆਈਏ । ਮੈਂ ਤੁਹਾਡੀ ਕਿਵੇਂ ਮਦਦ ਕਰ ਸਕਦੀ ਹਾਂ?

ਪਾਪਾ: ਸੋਨੀਆ ... ਤੁਹਾਡੇ ਦੁਆਰਾ ਕੀਤਾ ਜਾ ਰਿਹਾ ਕੰਮ ਬਹੁਤ ਚੰਗਾ ਹੈ। ਸਾਰੇ ਇਸਦੀ ਤਾਰੀਫ਼ ਕਰਦੇ ਹਨ। ਊਰਜਾ ਕੁਸ਼ਲਤਾ ਵੱਲ ਇਹ ਇਕ ਨਵਾਂ ਕਦਮ ਹੈ।

ਸੋਨੀਆ: ਉਹ ਤਾਂ ਠੀਕ ਹੈ ਮਨੀਸ਼।

ਪਾਪਾ: ਆਪਣੀ ਸੰਸਥਾ ਦੁਆਰਾ ਇਸ ਦਿਸ਼ਾ ਵਿਚ ਕੀਤੇ ਜਾ ਰਹੇ ਕੰਮਾਂ ਦੇ ਬਾਰੇ ਕੀ ਤੁਸੀਂ ਥੋੜ੍ਹਾ ਵਿਸਥਾਰ ਨਾਲ ਦੱਸੋਗੇ ? ਸਰਕਾਰ ਦੀਆਂ ਕੀ-ਕੀ ਯੋਜਨਾਵਾਂ ਹਨ?

ਸੋਨੀਆ: ਠੀਕ ਹੈ। ਜਰੂਰ ਦਸਾਂਗੀ ! ਤੁਸੀਂ ਜਾਣੋਗੇ ਤਾਂ ਹੋਰਾਂ ਨੂੰ ਵੀ ਦੱਸ ਸਕੋਗੇ।

ਬੰਟੀ: ਹਾਂ ਅੰਟੀ। ਮੈਂ ਆਪਣੇ ਦੋਸਤਾਂ ਨੂੰ ਵੀ ਦੱਸਾਂਗਾ।

ਸੋਨੀਆ: ਬਹੁਤ ਵਧੀਆ...ਊਰਜਾ ਕੁਸ਼ਲਤਾ ਨੂੰ ਕਿਵੇਂ ਵਧਾਇਆ ਜਾ ਸਕਦਾ ਹੈ ਅਸੀਂ ਸਾਰੇ ਇਹ ਸਮਝਦੇ ਹਾਂ।ਅਸੀਂ ਦੱਸਦੇ ਹਾਂ ਕਿ ਘਰਾਂ ਤੋਂ ਇਲਾਵਾਂ ਉਦਯੋਗਾਂ ਵਿਚ, ਆਵਾਜਾਈ ਦੇ ਸਾਧਨਾਂ ਵਿਚ, ਵਪਾਰਕ ਥਾਵਾਂ 'ਤੇ ਇਹ ਕੰਮ ਕਿਵੇਂ ਹੋ ਸਕਦਾ ਹੈ! ਸਰਕਾਰ ਦੇ ਸਹਿਯੋਗ ਨਾਲ ਅਸੀਂ ਸ਼ਹਿਰਾਂ ਤੇ ਪਿੰਡਾਂ ਵਿਚ ਕੰਮ ਕਰ ਰਹੇ ਹਾਂ।

ਪਾਪਾ: ਦਰਅਸਲ ਸਾਡੀ ਸਰਕਾਰ ਵੀ ਤਾਂ ਇਸ ਦਿਸ਼ਾ ਵਿਚ ਕਈ ਯਤਨ ਕਰ ਰਹੀ ਹੈ !

ਸੋਨੀਆ: ਹਾਂ ! ਸੰਨ 2015 ਵਿਚ ਪ੍ਰਧਾਨ ਮੰਤਰੀ ਨੇ ਪ੍ਰਕਾਸ਼ ਪਥ ਨਾਮੀ ਯੋਜਨਾ ਦੀ ਸ਼ੁਰੂਆਤ ਕੀਤੀ।ਇਸ ਯੋਜਨਾ ਵਿਚ LED ਲੈਂਪ ਅਤੇ ਬੱਲਬਾਂ ਨੂੰ ਵਧਾਵਾ ਦਿੱਤਾ ਜਾ ਰਿਹਾ ਹੈ। ਇਥੋਂ ਤੱਕ ਕਿ ਬਿਜਲੀ ਦੀ ਪੂਰਤੀ ਕਰਨ ਵਾਲੀ ਕੰਪਨੀਆਂ ਦੁਆਰਾ ਸਟਾਰ ਰੇਟਿੰਗ ਵਾਲੇ ਪੱਖੇ ਵੀ ਘੱਟ ਮੁੱਲ ਉਤੇ ਉਪਲਬਧ ਕਰਵਾਏ ਜਾ ਰਹੇ ਹਨ।

ਬੰਟੀ: ਮੈਨੂੰ LED ਬੱਲਬ ਦਾ ਤਾਂ ਗਿਆਨ ਹੈ, ਪਰੰਤੂ ਇਹ ਪੱਖਿਆਂ ਬਾਬਤ ਤਾਂ ਪਹਿਲੀ ਵਾਰ ਸੁਣਿਆ ਹੈ !

ਸੋਨੀਆ: ਅਸੀਂ ਹਰਿਤ ਊਰਜਾ ਜਿਵੇਂ ਕਿ ਸੋਲਰ ਪਾਵਰ ਨੂੰ ਵੀ ਵਧਾਵਾ ਦੇ ਰਹੇ ਹਾਂ। ਭਾਰਤ ਨੇ ਸੰਸਾਰ ਵਿੱਚ ਸਭ ਤੋਂ ਪਹਿਲਾਂ 1980 ਵਿਚ ਇੱਕ ਵੱਖਰੇ ਮੰਤਰਾਲੇ ਵਜੋਂ 'ਗੈਰ ਪਾਰੰਪਰਿਕ ਊਰਜਾ ਸ੍ਰੋਤ ਮੰਤਰਾਲੇ' ਦੀ ਸਥਾਪਨਾ ਕੀਤੀ ਸੀ।

ਪਾਪਾ: ਓਹ…? ਮੈਨੂੰ ਤਾਂ ਇਸ ਗੱਲ ਦਾ ਪਤਾ ਹੀ ਨਹੀਂ ਸੀ।

ਸੋਨੀਆ: ਭਾਰਤ ਦੀ ਊਰਜਾ ਨੀਤੀ ਮੰਗ ਅਤੇ ਖਪਤ ਦੇ ਅੰਤਰ ਨੂੰ ਧਿਆਨ ਵਿਚ ਰੱਖਕੇ ਤਿਆਰ ਕੀਤੀ ਜਾਂਦੀ ਹੈ ਜਿਸ ਵਿਚ ਮੁੱਖ ਧਿਆਨ ਗ਼ੈਰ-ਪਾਰੰਪਰਿਕ ਸ੍ਰੋਤਾਂ ਨਾਲ ਊਰਜਾ ਪੈਦਾ ਕਰਨ 'ਤੇ ਰੱਖਿਆ ਜਾਂਦਾ ਹੈ। ਇਨ੍ਹਾਂ ਸ੍ਰੋਤਾਂ ਵਿਚ ਮੁੱਖ ਹਨ ਸੂਰਜੀ ਊਰਜਾ, ਪੌਣ ਊਰਜਾ ਆਦਿ। ਸਾਡਾ ਦੇਸ਼ ਆਪਣੇ ਪਿੰਡਾਂ ਦੇ ਬਿਜਲੀਕਰਨ ਲਈ ਨਵੀਨ ਊਰਜਾ, ਜਿਵੇਂ ਕਿ ਪਣ ਊਰਜਾ, ਪੌਣ ਊਰਜਾ ਅਤੇ ਸੌਰ ਊਰਜਾ, ਨੂੰ ਵਧਾਵਾ ਦੇ ਰਿਹਾ ਹੈ।

ਬੰਟੀ: ਅੱਛਾ… ਪ੍ਰਮਾਣੂ ਊਰਜਾ ਦੇ ਬਾਰੇ ਵਿਚ ਤੁਹਾਡਾ ਕੀ ਕਹਿਣਾ ਹੈ?

ਸੋਨੀਆ: ਪ੍ਰਮਾਣੂ ਬਿਜਲੀ ਘਰਾਂ ਰਾਹੀਂ ਬਿਜਲੀ ਉਤਪਾਦਨ ਸਾਡੇ ਦੇਸ਼ ਵਿੱਚ ਪੰਜਵੇਂ ਨੰਬਰ 'ਤੇ ਹੈ। ਥਰਮਲ ਅਤੇ ਜਲ ਬਿਜਲੀ ਪਰਿਯੋਜਨਾਵਾਂ ਅਤੇ ਗ਼ੈਰ-ਪਾਰੰਪਰਿਕ ਸ੍ਰੋਤ ਇਨ੍ਹਾਂ ਤੋਂ ਪਹਿਲਾਂ ਆਉਂਦੇ ਹਨ। ਸਾਲ 2016 ਤੱਕ ਸਾਡੇ ਇਥੇ ਸੱਤ ਅਲੱਗ-ਅਲੱਗ ਥਾਵਾਂ ਉਤੇ ਕੁੱਲ 22 ਪ੍ਰਮਾਣੂ ਊਰਜਾ ਪਲਾਂਟ ਸਨ ।ਇਨ੍ਹਾਂ ਦੀ ਬਿਜਲੀ ਉਤਪਾਦਨ ਸਮਰੱਥਾ 6780 ਮੈਗਾਵਾਟ ਸੀ।ਗਿਆਰਾਂ ਨਵੇਂ ਪ੍ਰਮਾਣੂ ਰਿਐਕਟਰਾਂ ਦੀ ਸਥਾਪਨਾ ਕੀਤੀ ਜਾ ਰਹੀ ਹੈ। ਇਨ੍ਹਾਂ ਨਾਲ 8000 ਮੈਗਾਵਾਟ ਬਿਜਲੀ ਵੱਧ ਪੈਦਾ ਕੀਤੀ ਜਾ ਸਕੇਗੀ।

ਬੰਟੀ: ਇਸ ਮਗਰੋਂ ਤਾਂ ਲੋਡ ਸ਼ੈਡਿੰਗ ਦੀ ਸਮੱਸਿਆ ਤੋਂ ਛੁਟਕਾਰਾ ਮਿਲ ਜਾਵੇਗਾ।

ਸੋਨੀਆ: ਜੋ ਉਪਭੋਗਤਾ ਉਤਪਾਦਨ ਖਰਚ ਦੇ ਆਧਾਰ ਤੇ ਚਾਰਜ ਕੀਤੇ ਆਪਣੇ ਬਿਜਲੀ ਦੇ ਬਿਲਾਂ ਦਾ ਭੁਗਤਾਨ ਕਰਦੇ ਹਨ, ਉਨ੍ਹਾਂ ਨੂੰ ਤਾਂ 24 ਘੰਟੇ ਨਿਰਵਿਘਣ ਬਿਜਲੀ ਦਿੱਤੀ ਜਾਣੀ ਚਾਹੀਦੀ ਹੈ।

ਪਾਪਾ: ਹਾਂ, ਸਿਧਾਂਤਿਕ ਤੌਰ 'ਤੇ ਇਹ ਸਹੀ ਹੈ ਪਰੰਤੂ ਇਹ ਬਹੁਤ ਵੱਡੀ ਚੁਨੌਤੀ ਹੈ।

ਸੋਨੀਆ: ਲੱਗਭਗ 56% ਪੇਂਡੂ ਘਰਾਂ ਵਿਚ ਅੱਜੇ ਵੀ ਬਿਜਲੀ ਨਹੀਂ ਪਹੁੰਚੀ । ਇਸ ਦੇ ਲਈ ਸਾਨੂੰ ਵਿਸ਼ੇਸ਼ ਯਤਨ ਕਰਨੇ ਹੋਣਗੇ। ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰਨੇ ਵਾਲੇ ਲੋਕਾਂ ਨੂੰ ਵੀ ਧਿਆਨ ਵਿਚ ਰੱਖਣਾ ਹੋਵੇਗਾ।

ਪਾਪਾ: ਸੋਨੀਆ! ਇਸ ਲਈ ਸਾਨੂੰ ਊਰਜਾ ਖਪਤ ਦੇ ਨਿਆਂ ਸੰਗਤ ਤਰੀਕੇ ਅਪਣਾਉਣੇ ਹੋਣਗੇ।

ਸੋਨੀਆ: ਹਾਂ ! ਇਹ ਸਾਡਾ ਨੈਤਿਕ ਕਰਤੱਵ ਵੀ ਹੈ। ਸਾਨੂੰ ਆਪਣੇ ਪੱਧਰ 'ਤੇ ਵੀ ਯਤਨ ਕਰਨੇ ਚਾਹੀਦੇ ਹਨ।

ਬੰਟੀ: ਕਿਸ ਪ੍ਰਕਾਰ ਦੇ ਯਤਨ?

ਸੋਨੀਆ: ਬਿਜਲੀ ਦੇ ਸੰਜਮੀ ਉਪਯੋਗ ਦੇ ਨਾਲ-ਨਾਲ ਸਾਨੂੰ ਸਟਾਰ ਮਾਰਕ ਵਾਲੇ ਬਿਜਲੀ ਕੁਸ਼ਲਤਾ ਯੁਕਤ ਉਪਕਰਨਾਂ ਦਾ ਉਪਯੋਗ ਕਰਨਾ ਚਾਹੀਦਾ ਹੈ।

ਬੰਟੀ: ਪਰ ਇਨ੍ਹਾਂ ਦੀ ਤਾਂ ਕੀਮਤ ਹੀ ਜ਼ਿਆਦਾ ਹੁੰਦੀ ਹੈ !

ਸੋਨੀਆ: ਥੋੜੀ ਜ਼ਿਆਦਾ ਹੁੰਦੀ ਹੈ। ਪਰੰਤੂ ਅਜਿਹੇ ਉਪਕਰਨ ਬਿਜਲੀ ਦੀ ਖਪਤ ਵੀ ਘੱਟ ਕਰਦੇ ਹਨ। ਇਸ ਪ੍ਰਕਾਰ ਇਨ੍ਹਾਂ ਦਾ ਮੁੱਲ ਜ਼ਿਆਦਾ ਨਹੀਂ ਕਿਹਾ ਜਾ ਸਕਦਾ।

ਪਾਪਾ: ਸਹੀ ਕਿਹਾ...।

ਸੋਨੀਆ: ਹੁਣ ਤਾਂ ਬਿਜਲੀ ਉਪਕਰਨਾਂ ਦੀ ਸਟਾਰ ਰੇਟਿੰਗ ਊਰਜਾ ਮੰਤਰਾਲੇ ਦੇ ਤਹਿਤ ਕੰਮ ਕਰਨ ਵਾਲੀ ਸੰਸਥਾ ਊਰਜਾ ਕੁਸ਼ਲਤਾ ਬਿਊਰੋ ( BEE ) ਕਰਦਾ ਹੈ।ਗੈਸੀ ਚੁਲ੍ਹੇ ਦੀ ਸਟਾਰ ਰੇਟਿੰਗ ਪੈਟਰੋਲ ਬਚਾਓ ਖੋਜ ਸੰਸਥਾ (PCRA-Petrolium Conservation Research Association) ਨਾਲ ਮਿਲ ਕੇ ਕੀਤੀ ਜਾਂਦੀ ਹੈ।

ਬੰਟੀ: ਅੱਛਾ!

ਪਾਪਾ: ਜਿੰਨੇ ਜ਼ਿਆਦਾ ਸਟਾਰ... ਮਤਲਬ ਓਨੀ ਘੱਟ ਊਰਜਾ ਖਪਤ ਅਤੇ ਓਨੀ ਹੀ ਬੱਚਤ।

ਸੋਨੀਆ: ਮਨੀਸ਼ ਸਹੀ ਕਿਹਾ। ਘੱਟ ਊਰਜਾ ਖਪਤ... ਨਾਲ ਗ੍ਰੀਨ ਹਾਊਸ ਪ੍ਰਭਾਵ ਵੀ ਘੱਟ ਹੁੰਦਾ ਹੈ। ਇਸਦੇ ਲਈ ਉਪਕਰਨਾਂ ਨੂੰ ਖਰੀਦਣ ਸਮੇਂ ਸਟਾਰ ਰੇਟਿੰਗ ਦਾ ਧਿਆਨ ਜ਼ਰੂਰ ਰੱਖਣਾ ਚਾਹੀਦਾ ਹੈ ।

ਪਾਪਾ : ਹਾਂ BEE ਦੀ ਸਥਾਪਨਾ ਵੀ ਤਾਂ 2001 ਵਿਚ ਊਰਜਾ ਸੁਰੱਖਿਅਣ ਕਾਨੂੰਨ ਬਣਾਉਣ ਦੇ ਨਾਲ ਹੀ ਹੋਈ ਸੀ। ਇਸ ਕਾਨੂੰਨ ਵਿਚ ਵੱਡੇ ਭਵਨਾਂ ਦੇ ਨਿਰਮਾਣ ਲਈ ਕੁਝ ਨਿਯਮ ਬਣਾਏ ਗਏ ਹਨ। ਭਿੰਨ-ਭਿੰਨ ਉਪਕਰਨਾਂ ਦੁਆਰਾ ਕੀਤੀ ਜਾਂਦੀ ਊਰਜਾ ਖਪਤ ਅਨੁਸਾਰ ਉਨ੍ਹਾਂ ਉਤੇ ਊਰਜਾ ਖਪਤ ਦਾ ਲੇਬਲ ਲਗਾਇਆ ਜਾਂਦਾ ਹੈ।

ਬੰਟੀ: ਹਾਂ ਅੰਟੀ। ਸਮਝਿਆ - ਮੈਂ ਹਰੇ ਭਵਨਾਂ ਬਾਰੇ ਪੜ੍ਹਿਆ ਹੈ। ਇਨ੍ਹਾਂ ਵਿਚ ਜ਼ਿਆਦਾ ਤੋਂ ਜ਼ਿਆਦਾ ਗ਼ੈਰ ਪਾਰੰਪਰਿਕ ਊਰਜਾ ਸ੍ਰੋਤਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਸੋਨੀਆ: ਅਜਿਹੇ ਭਵਨਾਂ ਵਿਚ ਕੁਦਰਤੀ ਰੌਸ਼ਨੀ ਅਤੇ ਹਵਾ ਦਾ ਉਪਯੋਗ ਵੱਧ ਤੋਂ ਵੱਧ ਕੀਤਾ ਜਾਂਦਾ ਹੈ।

ਬੰਟੀ: ਅਜਿਹਾ ਹੋਣ ‘ਤੇ ਅਸੀਂ ਆਪ ਹੀ ਬਿਜਲੀ ਦਾ ਉਪਯੋਗ ਘੱਟ ਕਰਾਂਗੇ।

ਪਾਪਾ: ਇਸੇ ਲਈ ਤਾਂ ਮੈਂ ਵਾਰ-ਵਾਰ ਖਿੜਕੀਆਂ ਅਤੇ ਰੋਸ਼ਨਦਾਨਾਂ ਨੂੰ ਖੋਲ੍ਹਣ ਲਈ ਕਹਿੰਦਾ ਹੁੰਦਾ ਹਾਂ।

ਸੋਨੀਆ: ਊਰਜਾ ਕੁਸ਼ਲਤਾ ਦੇ ਲਈ ਜ਼ਰੂਰੀ ਹੈ-ਉੱਨਤ ਤਕਨੀਕ, ਨਵੇਂ ਤਰੀਕੇ ਤੇ ਊਰਜਾ ਬੱਚਤ ਦੇ ਸਫ਼ਲ ਯਤਨ।

ਪਾਪਾ: ਹਾਂ- ਵਾਹਨਾਂ ਵਿਚ ਵੀ ਨਵੀਆਂ-ਨਵੀਆਂ ਤਕਨੀਕਾਂ ਅਪਣਾਈਆਂ ਜਾ ਰਹੀਆਂ ਹਨ। ਇਸ ਨਾਲ ਪਥਰਾਹਟੀ ਬਾਲਣਾਂ ( Fossil fuels ) ਜਿਵੇਂ ਕਿ ਪੈਟਰੋਲ ਤੇ ਡੀਜ਼ਲ ਉਤੇ ਨਿਰਭਰਤਾ ਘਟੇਗੀ।

ਸੋਨੀਆ: ਅੰਤਰਰਾਸ਼ਟਰੀ ਊਰਜਾ ਏਜੰਸੀ ਦੇ ਅਨੁਸਾਰ ਉਨਤ ਤਕਨੀਕਾਂ ਦੁਆਰਾ ਭਵਨਾਂ, ਕਾਰਖਾਨਿਆਂ ਅਤੇ ਆਵਾਜਾਈ ਦੇ ਸਾਧਨਾਂ ਵਿਚ 2050 ਤੱਕ ਇਕ ਤਿਹਾਈ ਊਰਜਾ ਦੀ ਖਪਤ ਘੱਟ ਕੀਤੀ ਜਾ ਸਕੇਗੀ। ਇਸ ਨਾਲ ਵਿਸ਼ਵ ਪੱਧਰ ਉਤੇ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ ਵਿਚ ਵੀ ਕਮੀ ਆਵੇਗੀ।

ਪਾਪਾ: ਉਮੀਦ ਹੈ ਕਿ ਇਸ ਟੀਚੇ ਨੂੰ ਅਸੀਂ ਪ੍ਰਾਪਤ ਕਰ ਲਵਾਂਗੇ।

ਸੋਨੀਆ: ਕਿਉਂ ਨਹੀਂ ? ਊਰਜਾ ਕੁਸ਼ਲਤਾ ਅਤੇ ਅਮੁੱਕ ਊਰਜਾ-ਟਿਕਾਊ ਵਿਕਾਸ ਦੇ ਦੋ ਮੁੱਖ ਖੰਭੇ ਹਨ। ਕੁਝ ਦੇਸ਼ਾਂ ਵਿਚ ਇਸ ਨੂੰ ਰਾਸ਼ਟਰੀ ਸੁਰੱਖਿਆ ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ। ਇਸ ਨਾਲ ਪੈਟਰੋਲ ਪਦਾਰਥਾਂ ਦੀ ਦਰਾਮਦ ‘ਤੇ ਹੋਣ ਵਾਲੇ ਖਰਚ ਨੂੰ ਘਟਾਇਆਂ ਜਾ ਸਕੇਗਾ ਤੇ ਰਾਸ਼ਟਰੀ ਕੁਦਰਤੀ ਸੰਸਾਧਨਾਂ ਨੂੰ ਬਚਾਇਆ ਜਾ ਸਕੇਗਾ।

ਬੰਟੀ: ਸਾਨੂੰ ਊਰਜਾ ਨਾਲ ਸਬੰਧਿਤ ਇਨ੍ਹਾਂ ਮੁੱਦਿਆਂ ਉਤੇ ਵਿਸ਼ੇਸ ਧਿਆਨ ਦੇਣਾ ਹੋਵੇਗਾ। ਇਸ ਦੇ ਨਾਲ-ਨਾਲ ਊਰਜਾ ਕੁਸ਼ਲਤਾ ਦੇ ਖੇਤਰ ਵਿਚ ਤੇਜ਼ੀ ਨਾਲ ਕੰਮ ਕਰਨਾ ਹੋਵੇਗਾ। ਆਂਟੀ ਤੁਸੀਂ ਨਵੀਆਂ ਅਤੇ ਰੌਚਕ ਜਾਣਕਾਰੀਆਂ ਦਿੱਤੀਆਂ ਹਨ। ਸਮਾਂ ਅਤੇ ਗਿਆਨ ਦੇਣ ਦੇ ਲਈ ਧੰਨਵਾਦ।

ਸੋਨੀਆ: (ਹੱਸਦੇ ਹੋਏ) ਕੁਝ ਜ਼ਿਆਦਾ ਹੀ ਕਹਿ ਗਏ ! ਚਲੋ ਹੁਣ ਮੈਂ ਇਕ ਕੱਪ ਕੌਫੀ ਦੀ ਬੇਨਤੀ ਕਰ ਸਕਦੀ ਹਾਂ?

ਪਾਪਾ: ਹਾਂ ਕਿਉਂ ਨਹੀਂ? ਚਲੋ ਹੋ ਜਾਏ ਇਕ ਕੌਫੀ, ਉਹ ਵੀ ਬਰੇਕ ਦੇ ਸਮੇਂ। ਨਹੀਂ ਤਾਂ ਇਹ ਠੰਡੀ ਹੋ ਜਾਂਦੀ ਹੈ ਅਤੇ ਗਰਮ ਕਰਨ ਦੇ ਲਈ ਇਕ ਵਾਰੀ ਫਿਰ ਊਰਜਾ ਖਪਤ।

#(ਸਾਰੇ ਹੱਸਦੇ ਹਨ)#

ਪ੍ਰਸ਼ਨ ਉਤਰ:

1. ਪ੍ਰਸ਼ਨ: ਸਟਾਰ ਲੇਬਲ ਤੋਂ ਕੀ ਭਾਵ ਹੈ?
   ਉਤਰ:ਇਹ ਬਿਜਲੀ ਉਪਕਰਨਾਂ ਰਾਹੀਂ ਊਰਜਾ ਖਪਤ ਨੂੰ ਦਰਸਾਉਂਦੇ ਨੇ ਜ਼ਿਆਦਾ ਸਟਾਰ ਘੱਟ ਊਰਜਾ ਖਪਤ।
2. ਪ੍ਰਸ਼ਨ: ਸਾਡੇ ਦੇਸ਼ ਵਿਚ ਵਰਤਮਾਨ ਵਿਚ ਕਿੰਨੇ ਪ੍ਰਮਾਣੂ ਰਿਐਕਟਰ ਹਨ ਅਤੇ ਕਿੰਨੇ ਸਥਾਨਾਂ ‘ਤੇ ਇਹ ਰਿਐਕਟਰ ਸਥਾਪਿਤ ਕੀਤੇ ਗਏ ਹਨ?
   ਉਤਰ: 22 ਰਿਐਕਟਰ ਹਨ ਅਤੇ ਸੱਤ ਸਥਾਨਾਂ ‘ਤੇ ਸਥਾਪਿਤ ਕੀਤੇ ਗਏ ਹਨ।